THE PUNJAB STATE BOARD OF TECHNICAL
EDUCATION AND INDUSTRIAL TRAINING
PLOT NO. 1-A, SEC. 36-A, CHANDIGARH PH. : 615385, 622584-85 FAX : 660734

ਪੀਐਸਬੀਟੀ/ਆਈਟੀਆਈ 3295 **ਅਤਿ ਜ਼ਰੂਰੀ/ਸਮਾਂ ਬੱਧ** ਮਿਤੀ: 27-12-17

ਵੱਲ,

ਪ੍ਰਿੰਸੀਪਲ,
ਉਦਯੋਗਿਕ ਸਿਖਲਾਈ ਸੰਸਥਾਵਾਂ/ਬਹੁਤਕਨੀਕੀ ਸੰਸਥਾਵਾਂ/ਇੰਜੀਨੀਅਰਿੰਗ ਕਾਲਜਾਂ,
(ਜਨਵਰੀ 2018 ਪ੍ਰੀਖਿਆ ਲਈ ਪ੍ਰੀਖਿਆ ਕੇਂਦਰ)।

ਵਿਸ਼ਾ: **ਜਨਵਰੀ/ਫਰਵਰੀ 2018 ਦੀ ਐਨ.ਸੀ.ਵੀ.ਟੀ ਪ੍ਰੀਖਿਆ ਲਈ ਬੈਂਕ ਐਗਰੀਮੈਂਟ (Bank Agreement) ਦੀ ਕਾਪੀ ਭੇਜਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਦੱਸਿਆ ਜਾਂਦਾ ਹੈ ਕਿ ਜਨਵਰੀ 2018 ਦੀ ਵਿੱਚ ਸ਼ੁਰੂ ਹੋ ਰਹੀ ਐਨ.ਸੀ.ਵੀ.ਟੀ ਪ੍ਰੀਖਿਆ ਦੇ ਪ੍ਰੀਖਿਆ ਕੇਂਦਰਾਂ ਦੀ ਲਿਸਟ ਬੋਰਡ ਦੀ ਵੈਬਸਾਈਟ ਤੇ ਅਪਲੋਡ ਕਰ ਦਿੱਤੀ ਗਈ ਹੈ। ਇਸ ਪ੍ਰੀਖਿਆ ਨੂੰ ਸੁਚਾਰੂ ਅਤੇ ਸੁਚੱਜੇ ਢੰਗ ਨਾਲ ਚਲਾਉਣ ਲਈ ਡੀ.ਜੀ.ਟੀ, ਨਵੀਂ ਦਿੱਲੀ ਦੀਆਂ ਹਦਾਇਤਾਂ ਅਨੁਸਾਰ ਪ੍ਰੀਖਿਆ ਕੇਂਦਰਾਂ ਵਿਖੇ ਪ੍ਰਸ਼ਨ ਪੱਤਰ ਭੇਜਣ ਲਈ ਬੈਂਕ ਐਗਰੀਮੈਂਟ (**Bank Agreement**) ਦੀ ਕਾਪੀ ਤੁਰੰਤ ਲੋੜੀਂਦੀ ਹੈ ਤਾਂ ਜੋ ਓਸੇ ਅਨੁਸਾਰ ਸੂਚਨਾ ਪਹਿਲ ਦੇ ਆਧਾਰ ਤੇ ਡੀ.ਜੀ.ਟੀ, ਨਵੀਂ ਦਿੱਲੀ ਵਿਖੇ ਭੇਜੀ ਜਾ ਸਕੇ।

ਉਪਰੋਕਤ ਦੇ ਸਨਮੁੱਖ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਆਪ ਦੀ ਸੰਸਥਾ ਨੂੰ ਉਕਤ ਪ੍ਰੀਖਿਆ ਲਈ ਪ੍ਰੀਖਿਆ ਕੇਂਦਰ ਬਣਾਇਆ ਗਿਆ ਹੈ ਤਾਂ ਬੈਂਕ ਨਾਲ ਐਗਰੀਮੈਂਟ ਸਾਈਨ ਕਰਕੇ ਨੱਥੀ ਪ੍ਰਫਾਰਮੇ ਵਿੱਚ ਸੂਚਨਾ ਭਰ ਕੇ ਕੇਵਲ ਸਾਫਟ ਕਾਪੀ ਦੇ ਰੂਪ ਵਿੱਚ ਬੋਰਡ ਦਫਤਰ ਵਿਖੇ ਮਿਤੀ 28-12-2017 ਨੂੰ ਸ਼ਾਮ 4 ਵਜੇ ਤੱਕ ਹਰ ਹਾਲਤ ਵਿੱਚ ਕੇਵਲ ਈਮੇਲ ਅਡਰੈਸ updateresult4@gmail.com ਤੇ ਭੇਜਣਾ ਯਕੀਨੀ ਬਣਾਇਆ ਜਾਵੇ। ਸੂਚਨਾ ਸਮੇਂ ਸਿਰ ਨਾ ਭੇਜਣ ਜਾਂ ਅਧੂਰੀ ਭੇਜਣ ਜਾਂ ਹਦਾਇਤਾਂ ਅਨੁਸਾਰ ਨਾ ਭੇਜਣ ਦੀ ਸੂਰਤ ਵਿੱਚ ਸਮੁੱਚੀ ਜਿੰਮੇਵਾਰੀ ਸਬੰਧਤ ਸੰਸਥਾ/ਪ੍ਰੀਖਿਆ ਕੇਂਦਰ ਦੇ ਮੁਖੀ ਦੀ ਹੀ ਹੋਵੇਗੀ ਅਤੇ ਆਪ ਦੇ ਵਿਰੁੱਧ ਰੂਲਾਂ ਅਨੁਸਾਰ ਯੋਗ ਕਾਰਵਾਈ ਆਰੰਭਣ ਲਈ ਸਿਫਾਰਿਸ਼ ਕਰ ਦਿੱਤੀ ਜਾਵੇਗੀ।

ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ ਜੀ।

ਨੋਟ: ਉਪਰੋਕਤ ਸੂਚਨਾ ਕੇਵਲ ਈਮੇਲ ਅਡਰੈਸ **updateresult4@gmail.com** ਤੇ ਸਾਫਟ ਕਾਪੀ ਦੇ ਰੂਪ ਵਿੱਚ ਕੇਵਲ ਨਿਰਧਾਰਿਤ ਪ੍ਰਫਾਰਮੇ ਵਿੱਚ ਹੀ ਭੇਜੀ ਜਾਵੇ।

ਨੱਥੀ: ਨਿਰਧਾਰਿਤ ਪ੍ਰਫਾਰਮਾ

ਸਹਾਇਕ ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ)
ਵਾਸਤੇ ਸਕੱਤਰ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਰਿਕਾਰਡ ਹਿਤ ਭੇਜਿਆ ਜਾਂਦਾ ਹੈ:

1. ਪੀ.ਏ/ਸਕੱਤਰ
2. ਐਡਮਿਨ ਅਫਸਰ
3. ਸਿਸਟਮ ਐਡਮਿਨਸਟਰੇਟਰ

ਸਹਾਇਕ ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ)
ਵਾਸਤੇ ਸਕੱਤਰ